**SET-4**

**Series ЄABAЄ**

**Q.P. Code 224**

Roll No. | | | | | | | | |

Candidates must write the Q.P. Code on the title page of the answer-book.

- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **4** ਪੰਨੇ ਹਨ ।
- ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵੱਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **13** ਪ੍ਰਸ਼ਨ ਹਨ ।
- **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿੱਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **4** printed pages.
- Q.P. Code given on the right hand side of the question paper should be written on the title page of the answer-book by the candidate.
- Please check that this question paper contains **13** questions.
- **Please write down the serial number of the question in the answer-book before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਗ੍ਰਹਿ ਵਿਗਿਆਨ
## (ਪੰਜਾਬੀ ਉਲਥਾ)
# HOME SCIENCE
## (Punjabi Version)

*ਸਮਾਂ ਸੀਮਾਂ : 2 ਘੰਟੇ* | *ਪੂਰਨ ਅੰਕ : 35*

*Time allowed : 2 hours* | *Maximum Marks : 35*

***ਵਿਆਪਕ ਨਿਰਦੇਸ਼ :***

*ਹੇਠ ਲਿਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦਾ ਸਖਤੀ ਨਾਲ ਪਾਲਨ ਕਰੋ :*

*(i)* ***ਸਾਰੇ*** *ਪ੍ਰਸ਼ਨ ਲਾਜ਼ਮੀ ਹਨ ।*

*(ii)* *ਇਸ ਪ੍ਰਸ਼ਨ ਪੱਤਰ ਵਿੱਚ ਕੁਲ* ***13*** *ਪ੍ਰਸ਼ਨ ਹਨ ।*

*(iii)* *ਇਹ ਪ੍ਰਸ਼ਨ ਪੱਤਰ* ***ਤਿੰਨ*** *ਖੰਡਾਂ ਵਿੱਚ ਵੰਡਿਆ ਗਿਆ ਹੈ –* ***ੳ, ਅ*** *ਅਤੇ* ***ੲ*** *।*

*(iv)* ***ਖੰਡ ੳ*** *ਵਿੱਚ ਪ੍ਰਸ਼ਨ ਸੰਖਿਆ* ***1*** *ਤੋਂ* ***7*** *ਤਕ ਹਨ, ਹਰੇਕ ਪ੍ਰਸ਼ਨ* ***2*** *ਅੰਕ ਦਾ ਹੈ ।*

*(v)* ***ਖੰਡ ਅ*** *ਵਿੱਚ ਪ੍ਰਸ਼ਨ ਸੰਖਿਆ* ***8*** *ਤੋਂ* ***10*** *ਤਕ ਹਨ, ਹਰੇਕ ਪ੍ਰਸ਼ਨ* ***3*** *ਅੰਕ ਦਾ ਹੈ ।*

*(vi)* ***ਖੰਡ ੲ*** *ਵਿੱਚ ਪ੍ਰਸ਼ਨ ਸੰਖਿਆ* ***11*** *ਤੋਂ* ***13*** *ਤਕ ਹਨ, ਹਰੇਕ ਪ੍ਰਸ਼ਨ* ***4*** *ਅੰਕ ਦਾ ਹੈ ।*

*(vii)* *ਕੁਝ ਪ੍ਰਸ਼ਨਾਂ ਵਿੱਚ ਆਂਤਰਿਕ ਵਿਕਲਪ ਦਿਤੇ ਗਏ ਹਨ ।*

## ਖੰਡ ੳ

**1.** ਸਿਲਾਈ ਮਸ਼ੀਨ ਦੀ ਖੋਜ ਨੇ ਦਸਤਕਾਰੀ ਨੂੰ ਇਕ ਉਦਯੋਗ ਵਿੱਚ ਬਦਲ ਦਿਤਾ । ਪੈਰ ਤੋਂ ਚਲਾਉਣ ਵਾਲੀ ਸਿਲਾਈ ਮਸ਼ੀਨ ਦੀ ਖੋਜ ਕਿਸਨੇ, ਕਿਹੜੇ ਸਾਲ ਵਿੱਚ ਕੀਤੀ ? *2*

**2.** ਵਿਕਾਸ ਸੰਚਾਰ ਵਿੱਚ ਰੇਡਿਓ ਅਤੇ ਟੈਲੀਵਿਜ਼ਨ ਦਾ ਕੀ ਮਹੱਤਵ ਹੈ ? *2*

**3.** (a) ਸ੍ਰੀਮਤੀ ਗੁਪਤਾ ਆਪਣਾ ਬੁਟੀਕ ਖੋਲਣਾ ਚਾਹੁੰਦੀ ਹੈ । ਉਨ੍ਹਾਂ ਨੂੰ ਡਿਜ਼ਾਈਨ ਦੇ ਕੋਈ ਚਾਰ ਸਿਧਾਂਤਾਂ ਦੇ ਨਾਂ ਦਸੋ ਜਿਸ ਨਾਲ ਉਨ੍ਹਾਂ ਨੂੰ ਕਪੜੇ ਡਿਜ਼ਾਈਨ ਕਰਨ ਵਿੱਚ ਮਦਦ ਮਿਲੇਗੀ । *2*

**ਜਾਂ**

(b) ਰੇਨੂ ਉਦਾਸੀਨ (neutral) ਰੰਗਾਂ ਦੀ ਵਰਤੋਂ ਕਰਕੇ ਆਪਣੇ ਲਈ ਇੱਕ ਪੋਸ਼ਾਕ (dress) ਬਣਾਉਣਾ ਚਾਹੁੰਦੀ ਹੈ । ਇਨ੍ਹਾਂ ਰੰਗਾਂ ਦਾ ਦੂਜਾ ਨਾਂ ਕੀ ਹੈ ? ਉਦਾਸੀਨ ਰੰਗਾਂ ਦੇ ਤਿੰਨ ਉਦਾਹਰਨ ਵੀ ਦਿਉ । *2*

**4.** ਆਪਣੀ ਮਾਤਾ ਜੀ ਨੂੰ ਕਪੜੇ ਧੋਣ ਦੀ ਵਿਧੀ ਦੇ ਰੂਪ ਵਿੱਚ 'ਸਪੰਦਨ (pulsation)' ਨੂੰ ਸਮਝਾਉ । *2*

5. (a) ਹਰੀਆ ਔਰਤ ਮਜ਼ਦੂਰ ਹੈ । ਉਸਨੂੰ ਜ਼ਮੀਨੀ ਪੱਧਰ ਤੇ ਜੁੜੀਆਂ ਔਰਤਾਂ ਦੀ ਸੰਸਥਾ 'ਸੇਵਾ (SEWA)' ਦਾ ਪੂਰਾ ਨਾਮ ਦਸੋ । ਇਸਦੇ ਦੋ ਉਦੇਸ਼ਾਂ ਦਾ ਵੀ ਬਿਓਰਾ (ਵਰਣਨ) ਦਿਓ । *2*

**ਜਾਂ**

(b) ਆਪਣੀ ਭੈਣ ਨੂੰ ਸੂਚਨਾ ਅਤੇ ਸੰਚਾਰ ਤਕਨਾਲੋਜੀ (ICT) ਦਾ ਅਰਥ ਸਮਝਾਉ ਅਤੇ ਇਸਦੇ ਦੋ ਲਾਭ ਦਿਓ । *2*

6. ਹੋਟਲ ਅਤੇ ਮੋਟਲ ਵਿਚਕਾਰ ਅੰਤਰ ਲਿਖੋ । *2*

7. ਹੇਠ ਲਿਖੇ ਦੇ ਕਾਰਨ ਦਿਓ : *2*

ਵਸਤਾਂ ਦੀ ਖਰੀਦਾਰੀ ਕਰਦੇ ਸਮੇਂ ਸਾਨੂੰ ਮਾਨਕੀਕਰਨ ਚਿੰਨ ਦੀ ਜਾਂਚ ਜ਼ਰੂਰ ਕਰਨੀ ਚਾਹੀਦੀ ਹੈ ।

## ਖੰਡ ਅ

8. (a) ਫੈਸ਼ਨ ਦੇ ਤਿੰਨ ਪ੍ਰਕਾਰ ਦੇ ਖੁਦਰਾ ਸੰਗਠਨਾਂ ਨੂੰ ਸਮਝਾਉ । *3*

**ਜਾਂ**

(b) ਸ਼ਵੇਤਾ ਇਕ ਆਂਤਰਿਕ ਡਿਜ਼ਾਈਨਰ (interior designer) ਬਣਨਾ ਚਾਹੁੰਦੀ ਹੈ ।

(i) ਇਸ ਕਿੱਤੇ (profession) ਵਿੱਚ ਉਸਨੂੰ ਕਿਹੜੇ-ਕਿਹੜੇ ਕੰਮ ਕਰਨੇ ਪੈਣਗੇ ?

(ii) ਉਸਨੂੰ ਫੈਸ਼ਨ ਡਿਜ਼ਾਈਨ ਨਾਲ ਸੰਬੰਧਿਤ ਰੋਜ਼ੀ ਰੋਟੀ ਕਮਾਉਣ ਲਈ ਕਿਸੇ ਦੋ ਹੋਰ ਮੌਕਿਆਂ ਦਾ ਸੁਝਾਅ ਦਿਉ । *3*

9. ਕਪੜੇ ਧੋਂਦਿਆਂ ਕਪੜਿਆਂ'ਚੋਂ ਪਾਣੀ ਕੱਢਣ ਦੇ ਕੋਈ ਦੋ ਤਰੀਕਿਆਂ ਦਾ ਵੇਰਵਾ ਦਿਉ । ਧੁਲਾਈ ਮਸ਼ੀਨ ਵਿੱਚ ਟੱਬ ਦੇ ਚੱਕਰਨ (spinning) ਦੀ ਸਹੀ ਗਤੀ ਕਿੰਨੀ ਹੁੰਦੀ ਹੈ ? *3*

10. ਰਮੇਸ਼ ਵਿਕਾਸ ਪੱਤਰਕਾਰਿਤਾ ਦਾ ਕੋਰਸ ਕਰਨਾ ਚਾਹੁੰਦਾ ਹੈ । ਉਸਨੂੰ ਇਸ ਕੋਰਸ ਦੇ ਕਾਰਜ ਖੇਤਰ ਅਤੇ ਰੋਜ਼ੀ ਰੋਟੀ ਦੇ ਕੋਈ ਤਿੰਨ ਮੌਕਿਆਂ ਬਾਰੇ ਸਮਝਾਉ । *3*

## ਖੰਡ ੲ

**11.** ਨਿਕਿਤਾ ਇਕ ਫੈਸ਼ਨ ਡਿਜ਼ਾਈਨਰ ਹੈ ।

(a) ਉਸਨੇ ਆਪਣੇ ਲਈ ਪੂਰਕ ਰੰਗ ਯੋਜਨਾ/ਸੁਮੇਲ ਦੁਆਰਾ ਸਾੜੀ ਬਲਾਊਜ਼ ਤਿਆਰ ਕਰਨਾ ਹੈ । ਇਸ ਰੰਗ ਯੋਜਨਾ ਨੂੰ ਸਮਝਾਉ ਅਤੇ ਕੋਈ ਇੱਕ (ਉਪਯੁਕਤ) ਢੁਕਵਾਂ ਉਦਾਹਰਨ ਵੀ ਦਿਉ ।

(b) ਉਹ ਆਪਣੀ ਸਹੇਲੀ ਜਿਸ ਦਾ ਪੇਟ ਬਾਹਰ ਨਿਕਲਿਆ ਹੋਇਆ ਹੈ, ਦੇ ਲਈ ਕੁੜਤਾ ਬਣਾ ਰਹੀ ਹੈ । ਡਿਜ਼ਾਈਨ ਦੇ ਤੱਤਾਂ ਦੀ ਵਰਤੋਂ ਕਰਦੇ ਹੋਏ ਉਸਨੂੰ ਦੋ ਢੰਗ ਸੁਝਾਓ ਜਿਸ ਨਾਲ ਉਹ ਮਹੱਤਵ ਨੂੰ ਪੇਟ ਤੋਂ ਦੂਰ ਕਰ ਸਕੇ । ਆਪਣੇ ਉੱਤਰ ਨੂੰ ਢੁਕਵੇਂ ਚਿੱਤਰਾਂ ਰਾਹੀਂ ਦਰਸਾਉ । *2+2=4*

***ਸਿਰਫ ਦਰਿਸ਼ਟੀਹੀਨ ਪ੍ਰੀਖਿਆਰਥੀਆਂ ਦੇ ਲਈ :***

ਚਿੱਤਰ ਬਨਾਉਣਾ ਜ਼ਰੂਰੀ ਨਹੀਂ ਹੈ ।

**12.** (a) ਹੋਟਲ ਦੇ ਗ੍ਰਹਿ ਵਿਵਸਥਾ ਵਿਭਾਗ ਨੂੰ ਕੁਸ਼ਲਤਾ ਪੂਰਵਕ ਚਲਾਉਣ ਲਈ ਕਈ ਭਾਗਾਂ ਵਿੱਚ ਵੰਡਿਆ ਜਾਂਦਾ ਹੈ । ਇਨ੍ਹਾਂ ਵਿਚੋਂ ਕੋਈ ਚਾਰ ਭਾਗਾਂ ਦੇ ਨਾਂ ਦਸੋ । ਗ੍ਰਹਿ ਵਿਵਸਥਾ ਵਿਭਾਗ ਵਿੱਚ ਪਰਬੰਧਕ ਗ੍ਰਹਿ-ਅਧਿਕਾਰੀ ਦੇ ਕੋਈ ਦੋ ਕੰਮ ਦੱਸੋ । *4*

**ਜਾਂ**

(b) ਹਾਲ ਹੀ ਵਿੱਚ ਤੁਹਾਡਾ ਭਰਾ ਹੋਟਲ ਦੇ ਖਾਣ ਅਤੇ ਪੀਣ ਵਾਲੇ ਪਦਾਰਥ ਵਿਭਾਗ ਵਿੱਚ ਸ਼ਾਮਲ ਹੋਇਆ ਹੈ । ਖਾਣ ਅਤੇ ਪੀਣ ਵਾਲੇ ਪਦਾਰਥ ਵਿਭਾਗ ਨਾਲ ਜੁੜੇ ਹੋਏ ਦੋ ਸੇਵਾ ਵਿਭਾਗਾਂ ਦਾ ਬਿਓਰਾ ਕਰਕੇ ਸੰਖੇਪ ਵਿੱਚ ਚਰਚਾ ਕਰੋ । *4*

**13.** (a) ਤੁਹਾਡੇ ਪੜੋਸ ਦਾ ਕਿਰਿਆਨਾ ਵਪਾਰੀ ਕਿਹੜੀਆਂ ਦੋ ਕੁਚਾਲਾਂ ਨਾਲ ਗਾਹਕਾਂ ਨੂੰ ਠੱਗ ਸਕਦਾ ਹੈ ?

(b) ਇਸ ਸੰਦਰਭ ਵਿੱਚ ਜਾਗਰੂਕ ਉਪਭੋਗਤਾ ਦੇ ਰੂਪ ਵਿੱਚ ਤੁਹਾਡੇ ਦੋ ਅਧਿਕਾਰ ਕਿਹੜੇ ਹਨ ?

(c) ਪੈਕ ਕੀਤੀਆਂ ਪਾਣੀ ਦੀਆਂ ਬੋਤਲਾਂ ਉਪਰ ਤੁਹਾਨੂੰ ਕਿਹੜਾ ਮਾਨਕੀਕਰਨ ਚਿੰਨ੍ਹ ਦੇਖਣਾ ਚਾਹੀਦਾ ਹੈ, ਉਸਦਾ ਚਿਤਰ ਬਣਾਓ । *2+1+1=4*

***ਸਿਰਫ ਦਰਿਸ਼ਟੀਹੀਨ ਪ੍ਰੀਖਿਆਰਥੀਆਂ ਦੇ ਲਈ :***

(c) ਸਿਰਫ ਮਾਨਕੀਕਰਨ ਚਿੰਨ੍ਹ ਦਾ ਨਾਂ ਲਿਖੋ । ਚਿੱਤਰ ਬਨਾਉਣ ਦੀ ਜ਼ਰੂਰਤ ਨਹੀਂ ਹੈ ।